ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ।

(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ)

ਪੰਜਾਬ।

ਮੀਮੋ ਨੰ.ਈ-434491/2024 | 7 4 8 |

ਮਿਤੀ:- 16-01-2024

ਵਿਸ਼ਾ- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ਼ (ਕੰਪੋਨੈਂਟ 1 ਅਤੇ 2) ਸਕੀਮ ਅਧੀਨ ਸਾਲ 2023-24 ਦੇ ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕਰਵਾਉਣ ਸਬੰਧੀ।

ਹਵਾਲਾ- ਇਸ ਦਫਤਰ ਦੇ ਪੱਤਰ ਨੰ E-434491/2023324166 ਮਿਤੀ 07.12.2023, 2024353 ਮਿਤੀ 01.01.2024, 20243175 ਮਿਤੀ 02.01.2024, 20246248 ਮਿਤੀ 04.01.2024 ਅਤੇ 202415264 ਮਿਤੀ 14.01.2024 ਦੇ ਸਬੰਧ ਵਿਚ।

1. ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਆਪ ਨੂੰ ਪਹਿਲਾਂ ਵੀ ਕਈ ਵਾਰ ਲਿਖਿਆ ਜਾ ਚੁੱਕਾ ਹੈ ਕਿ ਉਕਤ ਸਕੀਮਾਂ ਅਧੀਨ ਐਨ.ਐਸ.ਪੀ. ਪੋਰਟਲ ਤੇ ਵੱਧ ਤੋਂ ਵੱਧ ਯੋਗ ਲਾਭਪਾਤਰੀਆਂ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਪ੍ਰੰਤੂ ਦੇਖਣ ਵਿਚ ਆਇਆ ਹੈ ਕਿ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ਼ (ਕੰਪੋਨੈਂਟ-1) ਸਕੀਮ ਅਧੀਨ ਸਮੂਹ ਜਿਲ੍ਹਿਆਂ ਵਿਚ ਨੌਵੀਂ ਅਤੇ ਦਸਵੀਂ ਦੇ ਕੁੱਲ 300859 ਵਿਦਿਆਰਥੀ ਪੜ੍ਹ ਰਹੇ ਹਨ *"ਪ੍ਰੰਤੂ ਬਹੁਤ ਹੀ ਖੇਦ ਦੀ ਗੱਲ ਹੈ ਕਿ ਅਜੇ ਤੱਕ ਨੌਵੀਂ ਅਤੇ ਦਸਵੀਂ ਦੇ ਕੇਵਲ 54079 ਵਿਦਿਆਰਥੀਆਂ ਵਲੋਂ ਹੀ ਅਪਲਾਈ ਕੀਤਾ ਗਿਆ ਹੈ"* (ਨੱਥੀ ਜਿਲ੍ਹਾ ਵਾਈਜ ਰਿਪੋਰਟ)।

2. ਇਸੇ ਤਰ੍ਹਾਂ ਹੀ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ਼ (ਕੰਪੋਨੈਂਟ-2) ਸਕੀਮ ਅਧੀਨ ਈ-ਪੰਜਾਬ ਪੋਰਟਲ ਤੇ ਕੁੱਲ 2835 (ਸੈਕੰਡਰੀ ਦੇ ਕੁੱਲ 1041 ਅਤੇ ਐਲੀਮੈਂਟਰੀ ਦੇ ਕੁੱਲ 1794) ਵਿਦਿਆਰਥੀਆਂ ਵਲੋਂ ਅਪਲਾਈ ਕੀਤਾ ਜਾ ਚੁੱਕਾ ਸੀ. *ਪ੍ਰੰਤੂ ਬਹੁਤ ਹੀ ਖੇਦ ਦੀ ਗੱਲ ਹੈ ਕਿ ਐਨ.ਐਸ.ਪੀ. ਪੋਰਟਲ ਤੇ ਅਜੇ ਤੱਕ ਸੈਕੰਡਰੀ ਅਤੇ ਐਲੀਮੈਂਟਰੀ ਦੇ ਕੇਵਲ 52 ਵਿਦਿਆਰਥੀਆਂ ਵਲੋਂ ਹੀ ਅਪਲਾਈ ਕੀਤਾ ਗਿਆ ਹੈ* (ਨੱਥੀ ਰਿਪੋਰਟ)।

3. ਵਿਦਿਆਰਥੀਆਂ ਦੇ ਅਪਲਾਈ ਕਰਨ ਦੀ ਆਖਰੀ ਮਿਤੀ 29.01.2024 ਹੈ, ਇਸ ਤੋਂ ਬਾਅਦ ਪੋਰਟਲ ਦੀਆਂ ਮਿਤੀਆਂ ਵਿਚ ਵਾਧਾ ਨਹੀ ਕੀਤਾ ਜਾਵੇਗਾ। *ਇਸ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਸਿਰ ਸਮੇਂ ਦੇ ਅੰਦਰ ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਵਜੀਫੇ ਦੇ ਲਾਭ ਤੋਂ ਵਾਂਝਾ ਨਾ ਰਹਿ ਜਾਵੇ।*

4. ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ. ਪੋਰਟਲ ਤੇ ਸਮੇਂ ਸਿਰ ਅਪਲਾਈ ਨਾ ਕਰਵਾਉਣ ਦੀ ਸੂਰਤ ਵਿਚ ਸਕੂਲ ਮੁਖੀ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.) ਦੀ ਨਿੱਜੀ ਜਿੰਮੇਵਾਰੀ ਹੋਵੇਗੀ।

**ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।**

**ਨੱਥੀ- ਨੱਥੀ ਉਕਤ ਅਨੁਸਾਰ।**

16.01.2024

**ਸਹਾਇਕ ਡਾਇਰੈਕਟਰ (ਵਜੀਫਾ)**

Scanned with OKEN Scanner

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ) , ਬਠਿੰਡਾ

ਪਿੱਠ ਅੰਕਣ ਨੰ: ਸੀ-5/1(1/2024/1263 ਮਿਤੀ: 16-01-24

ਉਪਰੋਕਤ ਦਾ ਉਤਾਰਾ ਜਰੂਰ ਜਰੂਰੀ ਸਮੂਹ ਸੰਸਥਾਵਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਹਿੱਤ ਆਪ ਜੀ ਨੂੰ ਭੇਜਿਆ ਜਾਂਦਾ ਸਬੰਧਤ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀ ਮੈਟ੍ਰਿਕ ਸਕਾ.ਸ਼ਿ 2023-24 ਤਹਿਤ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਅਪਲਾਈ ਕਰਵਾਇਆ ਜਾਵੇ। ਕੋਈ ਵੀ ਯੋਗ ਵਿਦਿਆਰਥੀ ਇਸ ਵਜੀਫੇ ਤੋਂ ਵਾਂਝਾ ਨਾ ਰਹਿ ਜਾਵੇ। ਪ੍ਰੀ ਮੈਟ੍ਰਿਕ ਸਕਾ.ਸ਼ਿ ਵਿਦਿਆਰਥੀ ਦੇ ਦਸਤਾਵੇਜ਼ ਲੋੜੀਂਦੇ ਤੁਰੰਤ ਇਕੱਠੇ ਕਰ ਲਏ ਜਾਣ ਤੇ ਉਸ ਤੋਂ ਬਾਅਦ ਹੀ NSP ਤੇ ਅਪਲਾਈ ਕਰਵਾਇਆ ਜਾਵੇ। ਜੇਕਰ ਕਿਸੇ ਯੋਗ ਵਿਦਿ: ਨੂੰ ਵਜੀਫੇ ਦੀ ਰਾਸ਼ੀ ਮਿਲਦੀ ਤਾਂ ਇਸ ਲਈ ਸਕੂਲ ਮੁਖੀ ਅਤੇ ਉਹਨਾਂ ਦੇ ਨੋਡਲ ਅਫਸਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

(ਦਸਤਖਤ)
16/1/2

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ)
ਬਠਿੰਡਾ

16/1/24